ਗਰਮੀਆਂ 2022

# ਇਮਪਲੌਏਅਰਜ਼ ਅਡਵਾਈਜ਼ਰ

BRITISH COLUMBIA | Employers' Advisers Office

*ਬੀ.ਸੀ. ਸਰਕਾਰ ਦੀ ਮਨਿਸਟਰੀ ਔਫ ਲੇਬਰ ਦੇ ਇਮਪਲੌਏਅਰਜ਼ ਅਡਵਾਈਜ਼ਰਜ਼ ਆਫਿਸ ਵਲੋਂ ਇਕ ਨਿਊਜ਼ਲੈਟਰ।*
*ਇਮਪਲੌਏਅਰਜ਼ ਅਡਵਾਈਜ਼ਰਜ਼ ਆਫਿਸ ਵਰਕਰਜ਼ ਕੰਪਨਸੇਸ਼ਨ ਸਿਸਟਮ ਦੇ ਸਾਰੇ ਪੱਖਾਂ ਬਾਰੇ ਸਲਾਹ, ਮਦਦ, ਨੁਮਾਇੰਦਗੀ, ਅਤੇ ਸਿੱਖਿਆ ਦੀਆਂ ਸੇਵਾਵਾਂ ਦਿੰਦਾ ਹੈ।*

## ਨਵਾਂ ਓ ਐੱਚ ਐਂਡ ਐੱਸ ਰੈਗੂਲੇਸ਼ਨ 3.12.1

### ਅਸੁਰੱਖਿਅਤ ਕੰਮ ਕਰਨ ਤੋਂ ਨਾਂਹ ਕਰਨਾ ਲਿਖਤੀ ਰੂਪ ਵਿਚ ਦਰਜ ਹੋਣਾ ਜ਼ਰੂਰੀ ਹੈ

ਅਗਸਤ 22, 2022 ਤੋਂ, ਜੇ ਕੋਈ ਵਰਕਰ ਰੈਗੂਲੇਸ਼ਨ ਦੇ ਸੈਕਸ਼ਨ 3.12 ਹੇਠ ਅਸੁਰੱਖਿਅਤ ਕੰਮ ਕਰਨ ਤੋਂ ਨਾਂਹ ਕਰਦਾ ਹੈ ਤਾਂ ਇਮਪਲੌਏਅਰ (ਕੰਮ-ਮਾਲਕ) ਉਦੋਂ ਤੱਕ ਨਾਂਹ ਕੀਤਾ ਗਿਆ ਕੰਮ ਕਿਸੇ ਹੋਰ ਵਰਕਰ ਨੂੰ ਕਰਨ ਲਈ ਨਹੀਂ ਕਹਿ ਸਕਦਾ ਜਾਂ ਕੰਮ ਕਰਨ ਦੀ ਆਗਿਆ ਨਹੀਂ ਦੇ ਸਕਦਾ ਜਦ ਤੱਕ ਮਸਲੇ ਦਾ ਹੱਲ ਨਹੀਂ ਹੋ ਜਾਂਦਾ ਜਾਂ ਇਮਪਲੌਏਅਰ ਦੂਜੇ ਵਰਕਰ ਨੂੰ **ਲਿਖਤੀ ਰੂਪ ਵਿਚ** ਕੀਤੀ ਗਈ ਨਾਂਹ ਬਾਰੇ, ਰਿਪੋਰਟ ਕੀਤੀ ਗਈ ਹਾਲਤ ਬਾਰੇ ਨਹੀਂ ਦੱਸ ਦਿੰਦਾ, ਇਹ ਨਹੀਂ ਦੱਸ ਦਿੰਦਾ ਕਿ ਕੰਮ ਕਿਉਂ ਅਸੁਰੱਖਿਅਤ ਨਹੀਂ ਹੋਵੇਗਾ, ਅਤੇ ਅਸੁਰੱਖਿਅਤ ਕੰਮ ਤੋਂ ਨਾਂਹ ਕਰਨ ਦਾ ਦੂਜੇ ਵਰਕਰ ਦਾ ਹੱਕ ਹੈ।

ਜ਼ਿਆਦਾ ਵੇਰਵੇ ਲਈ ਹਿੱਸਾ 3 – ਰੀਅਸਾਇਨਮੈਂਟ ਔਫ ਰੀਫਿਊਜ਼ਡ ਵਰਕ ਵਿਚ ਓ ਐੱਚ ਐਂਡ ਐੱਸ ਰੈਗੂਲੇਸ਼ਨ ਦੀਆਂ ਤਬਦੀਲੀਆਂ ਦੇਖੋ।

### ਕਿਸੇ ਵਰਕਰ ਦੇ ਗੰਭੀਰ ਅਤੇ ਜਾਣ ਬੁੱਝ ਕੇ ਕੀਤੇ ਗਏ ਦੁਰਵਿਹਾਰ ਲਈ ਲਾਗਤ ਵਿਚ ਰਾਹਤ

ਮਈ 25, 2022 ਨੂੰ ਵਰਕਸੇਫ ਬੀ ਸੀ ਦੇ ਬੋਰਡ ਔਫ ਡਾਇਰੈਕਟਰਜ਼ ਨੇ *ਵਰਕਰਜ਼ ਕੰਪਨਸੇਸ਼ਨ ਐਕਟ* ਦੇ ਸੈਕਸ਼ਨ 134(2) ਹੇਠ ਪ੍ਰਵਾਨ ਕੀਤੇ ਜਾਣ ਵਾਲੇ ਕਲੇਮਾਂ ਲਈ ਵਰਕਰ ਦੇ ਗੰਭੀਰ ਅਤੇ ਜਾਣ ਬੁੱਝ ਕੇ ਕੀਤੇ ਗਏ ਦੁਰਵਿਹਾਰ ਨਾਲ ਜੁੜੇ ਖਰਚਿਆਂ ਵਿਚ ਰਾਹਤ ਦੇਣ ਲਈ ਪੌਲਸੀ ਵਿਚ ਤਬਦੀਲੀਆਂ ਨੂੰ ਪ੍ਰਵਾਨਗੀ ਦਿੱਤੀ ਸੀ। ਪਹਿਲਾਂ, ਕਲੇਮਾਂ ਦੇ ਖਰਚਿਆਂ ਤੋਂ ਰਾਹਤ ਸਿਰਫ 10 ਹਫਤਿਆਂ ਦੇ ਤਨਖਾਹ ਦੇ ਨੁਕਸਾਨ ਤੋਂ ਬਾਅਦ ਹੀ ਦਿੱਤੀ ਜਾਂਦੀ ਸੀ। ਸੋਧੀਆਂ ਹੋਈਆਂ ਪੌਲਸੀਆਂ ਸਾਰੇ ਫੈਸਲਿਆਂ ਉੱਪਰ ਲਾਗੂ ਹੁੰਦੀਆਂ ਹਨ, ਜਿਨ੍ਹਾਂ ਵਿਚ ਜੂਨ 1, 2022 ਨੂੰ ਜਾਂ ਇਸ ਤੋਂ ਬਾਅਦ ਕੀਤੇ ਗਈ ਅਪੀਲਾਂ ਦੇ ਫੈਸਲੇ ਵੀ ਸ਼ਾਮਲ ਹਨ। ਰੈਜ਼ੋਲੂਸ਼ਨ ਦੇਖਣ ਲਈ ਇੱਥੇ ਕਲਿੱਕ ਕਰੋ।

### ਵਰਕਸੇਫ ਬੀ ਸੀ ਦੇ 2023 ਲਈ ਰੇਟ ਬਾਰੇ ਸਲਾਹ ਮਸ਼ਵਰੇ ਦੇ ਸੈਸ਼ਨ – ਜੁਲਾਈ 18 ਅਤੇ 20, 2022

ਵਰਕਸੇਫ ਬੀ ਸੀ ਪ੍ਰੀਮੀਅਮ ਦੇ ਰੇਟਾਂ ਅਤੇ ਇਮਪਲੌਏਅਰ ਕਲਾਸੀਫਿਕੇਸ਼ਨ ਸਿਸਟਮ ਨੂੰ ਹਰ ਸਾਲ ਰਿਵੀਊ ਕਰਦੀ ਹੈ। ਸਲਾਹ ਮਸ਼ਵਰੇ ਦੇ ਸੈਸ਼ਨ ਇਸ ਕਾਰਜ ਦਾ ਇਕ ਜ਼ਰੂਰੀ ਹਿੱਸਾ ਹਨ। ਵਰਕਸੇਫ ਬੀ ਸੀ 2023 ਲਈ ਰੇਟ ਬਾਰੇ ਸਲਾਹ ਮਸ਼ਵਰੇ ਦੇ ਚਾਰ ਵਰਚੂਅਲ ਸੈਸ਼ਨ ਜੁਲਾਈ 18 ਅਤੇ ਜੁਲਾਈ 20, 2022 ਨੂੰ ਕਰੇਗੀ। ਸੈਸ਼ਨਾਂ ਵਿਚ ਲਾਈਵ ਸਵਾਲ ਪੁੱਛੇ ਜਾਣਗੇ ਅਤੇ ਜਵਾਬ ਦਿੱਤੇ ਜਾਣਗੇ ਅਤੇ ਸਵਾਲ ਈਮੇਲ ਜਾਂ ਟੈਕਸਟ ਰਾਹੀਂ ਲਏ ਜਾਣਗੇ। ਤਾਜ਼ਾ ਜਾਣਕਾਰੀ ਲੈਣ ਅਤੇ ਇਹ ਦੇਖਣ ਲਈ ਇਹ ਇਕ ਬਹੁਤ ਵਧੀਆ ਮੌਕਾ ਹੈ ਕਿ ਅਗਲੇ ਸਾਲ ਲਈ ਕੀ ਪਲੈਨ ਕੀਤਾ ਗਿਆ ਹੈ। ਜ਼ਿਆਦਾ ਜਾਣਕਾਰੀ ਲਈ, ਅਤੇ ਰਜਿਸਟਰ ਹੋਣ ਲਈ worksafebc.com/rates 'ਤੇ ਜਾਉ ਜਾਂ ਤੁਸੀਂ ਆਪਣੇ ਸਵਾਲ rates@worksafebc.com 'ਤੇ ਈਮੇਲ ਕਰ ਸਕਦੇ ਹੋ।

### ਜਵਾਨ ਅਤੇ ਨਵੇਂ ਵਰਕਰ (ਸਮਰ) ਜੌਬ 'ਤੇ

NEW TO THE JOB? STAY SAFE

ਹਰ ਸਮਰ (ਗਰਮੀਆਂ) ਨੂੰ ਹਜ਼ਾਰਾਂ ਜਵਾਨ ਅਤੇ ਨਵੇਂ ਵਰਕਰ ਸਮਰ ਜੌਬਾਂ ਲਈ ਵਰਕਫੋਰਸ ਵਿਚ ਸ਼ਾਮਲ ਹੁੰਦੇ ਹਨ। ਅੰਕੜਿਆਂ ਮੁਤਾਬਕ, ਲੱਗਣ ਵਾਲੀਆਂ ਸਾਰੀਆਂ ਗੰਭੀਰ ਸੱਟਾਂ ਵਿੱਚੋਂ ਅੱਧੀਆਂ ਨਾਲੋਂ ਜ਼ਿਆਦਾ ਰੁਜ਼ਗਾਰ ਦੇ ਪਹਿਲੇ ਛੇ ਮਹੀਨਿਆਂ ਵਿਚ ਲੱਗਦੀਆਂ ਹਨ। ਜਵਾਨ ਅਤੇ ਨਵੇਂ ਵਰਕਰਾਂ ਦੀ ਰਖਵਾਲੀ ਕਰਨ ਲਈ, ਇਮਪਲੌਏਅਰਜ਼ ਲਈ ਵਰਕਰਾਂ ਨੂੰ ਇਹ ਸਾਰਾ ਕੁਝ ਦੇਣਾ ਜ਼ਰੂਰੀ ਹੈ: ਕੰਮ ਦੀ ਥਾਂ ਅਤੇ ਇਸ ਉਪਰਲੇ ਖਤਰਿਆਂ ਦੀ ਪੂਰੀ ਜਾਣਕਾਰੀ, ਅਸਰਦਾਰ ਅਤੇ ਸਮਝ ਆਉਣ ਵਾਲੀ ਜੌਬ ਦੀ ਟਰੇਨਿੰਗ, ਅਤੇ ਉੱਚ ਪੱਧਰ ਦੀ ਨਿਗਰਾਨੀ। ਹਰ ਵਰਕਰ ਨੂੰ ਅਸੁਰੱਖਿਅਤ ਕੰਮ ਕਰਨ ਤੋਂ ਨਾਂਹ ਕਰਨ ਦੇ ਉਸ ਦੇ ਹੱਕ ਅਤੇ ਹੋਰ ਟਰੇਨਿੰਗ ਜਾਂ ਸੇਧ ਮੰਗਣ ਦੇ ਉਸ ਦੇ ਹੱਕ ਬਾਰੇ ਜਾਣੂ ਕਰਵਾਇਆ ਜਾਣਾ ਜ਼ਰੂਰੀ ਹੈ।

ਵਰਕਸੇਫ ਬੀ ਸੀ ਦੇ ਵੈੱਬਸਾਈਟ ਤੋਂ ਮਿਲਣ ਵਾਲੇ ਕੁਝ ਵਸੀਲੇ ਇਹ ਹਨ:

- Young & New Workers
- Support for Employers: Training and Orientation for Young and New Workers
- Young and New Worker Orientation Checklist

### ਈ ਏ ਓ ਨਿਊਜ਼ਲੈਟਰਾਂ ਲਈ ਬੋਲੀਆਂ ਵਿਚ ਵਾਧਾ ਕੀਤਾ ਗਿਆ ਹੈ !

ਗਰਮੀਆਂ 2022 ਦਾ ਨਿਊਜ਼ਲੈਟਰ ਹੁਣ ਛੇ ਬੋਲੀਆਂ ਵਿਚ ਉਪਲਬਧ ਹੈ: ਅੰਗਰੇਜ਼ੀ, ਚਾਇਨੀਜ਼ ਸਿੰਪਲੀਫਾਈਡ, ਚਾਇਨੀਜ਼ ਟ੍ਰੈਡੀਸ਼ਨਲ, ਫਰੈਂਚ, ਪੰਜਾਬੀ, ਅਤੇ ਸਪੈਨਿਸ਼। ਅਨੁਵਾਦ ਹੋਏ ਰੂਪ, ਅਤੇ ਪਿਛਲੇ ਨਿਊਜ਼ਲੈਟਰ ਇੱਥੇ ਦੇਖੇ ਜਾ ਸਕਦੇ ਹਨ।




**ਈ ਏ ਓ ਵੈਬੀਨਾਰਜ਼** ਜੂਨ 2022 ਦੇ ਅੱਧ ਤੱਕ ਚੱਲੇ ਹਨ ਅਤੇ ਗਰਮੀਆਂ ਵਿਚ ਬੰਦ ਹਨ। ਵਰਕਰਜ਼ ਕੰਪਨਸੇਸ਼ਨ ਦੇ ਮਾਮਲਿਆਂ ਬਾਰੇ ਬੀ.ਸੀ. ਦੇ ਇਮਪਲੌਏਅਰਜ਼ ਲਈ ਸਿੱਖਿਆ ਦੇ ਵਸੀਲੇ ਸੁਧਾਰਨ ਲਈ ਸਾਨੂੰ ਪੱਤਝੜ ਰੁੱਤ ਤੱਕ ਰਜਿਸਟਰੇਸ਼ਨ ਅਤੇ ਪੇਸ਼ਕਾਰੀ ਦੇ ਇਕ ਨਵੇਂ ਪਲੇਟਫਾਰਮ 'ਤੇ ਮੂਵ ਹੋ ਜਾਣ ਦੀ ਉਮੀਦ ਹੈ।

ਔਨਲਾਈਨ ਕਲੇਮਜ਼ ਮੈਨੇਜਮੈਂਟ – ਈ-ਲਰਨਿੰਗ ਸੈਸ਼ਨ ਅਜੇ ਵੀ ਕਿਸੇ ਵੀ ਸਮੇਂ ਉਪਲਬਧ ਹੈ ਅਤੇ ਵਰਕਰਜ਼ ਕੰਪਨਸੇਸ਼ਨ ਕਲੇਮਜ਼ ਦੇ ਕਾਰਜ ਬਾਰੇ 90 ਮਿੰਟ ਦੀ ਜਾਣਕਾਰੀ ਦਿੰਦਾ ਹੈ।